**ਦਫਤਰ ਚੇਅਰਮੈਨ, ਸਿੱਖਿਆ ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ।**
**ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ, ਫੇਜ-3ਬੀ-1, ਐਸ.ਏ.ਐਸ ਨਗਰ।**
ਵੈਬ-ਸਾਈਟ:- **www.educationrecruitmentboard.com**

---

## ਪਬਲਿਕ ਨੋਟਿਸ

ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿੱ) ਪੰਜਾਬ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਛੇਵੀ ਮੰਜਿਲ, ਨਵੀਂ ਬਿਲਡਿੰਗ, ਐਸ.ਏ.ਐਸ ਨਗਰ ਵੱਲੋਂ ਨੇਤਰਹੀਣ/ਅੰਸ਼ਿਕ ਨੇਤਰਹੀਣ ਉਮੀਦਵਾਰਾਂ ਦੀਆਂ ਖਾਲੀ ਰਹਿੰਦੀਆਂ ਬੈਕਲਾਗ ਦੀਆਂ ਈ.ਟੀ.ਟੀ ਅਧਿਆਪਕਾਂ ਦੀਆਂ 162 ਅਸਾਮੀਆ ਦੀ ਭਰਤੀ ਕਰਨ ਯੋਗ ਉਮੀਦਵਾਰਾਂ ਪਾਸੋਂ ਮਿਤੀ 06.04.2015 ਤੱਕ ਆਨ-ਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ।ਉਮੀਦਵਾਰਾਂ ਵੱਲੋਂ ਆਨ-ਲਾਈਨ ਭਰੇ ਗਏ ਡਾਟੇ ਅਨੁਸਾਰ ਜਿਹੜੇ ਉਮੀਦਵਾਰਾਂ ਵੱਲੋਂ ਪੰਜਾਬ ਸਟੇਟ ਟੀਚਰ ਇਲੀਜੀਬਿਲਟੀ ਟੈਸਟ-1 ਪਾਸ ਵਾਲੇ ਕਾਲਮ ਵਿੱਚ ਸਹੀਂ ਕੀਤਾ ਹੈ, ਨੂੰ ਮਿਤੀ 19.05.2015 ਨੂੰ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ, ਫੇਜ਼-3ਬੀ-1, ਐਸ.ਏ.ਐਸ ਨਗਰ ਵਿਖੇ ਸਵੇਰੇ 09:00 ਵਜੇ ਤੋਂ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ।ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ ਅਤੇ ਇੰਟਰਨੈਂਟ ਰਾਹੀਂ ਡਾਊਨ ਲੋਡ ਕੀਤਾ ਰਜਿਸਟ੍ਰੇਸਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਵੱਖੋ ਵੱਖਰੀਆਂ ਫਾਈਲਾਂ ਵਿੱਚ ਲੈ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

ਸ਼ਰਤਾਂ :-

1. ਉਮੀਦਵਾਰਾਂ ਦੀ ਇਹ ਪਹਿਲੀ ਅਤੇ ਅੰਤਿਮ ਦਸਤਾਵੇਜਾਂ ਦੀ ਸਕਰੂਟਨੀ ਹੋਵੇਗੀ। ਇਸ ਤੋਂ ਬਾਅਦ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਉਮੀਦਵਾਰ ਨੂੰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ / ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਲਏ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ / ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. **www.educationrecruitmentboard.com** ਦੀ ਵੈਬ ਸਾਈਟ ਤੇ ਸਕਰੂਟਨੀ ਫਾਰਮ, ਸਵੈ-ਘੋਸ਼ਣਾ ਪੱਤਰ ਅਤੇ ਕਰਾਈਟੀਰੀਈਆ ਪਾ ਦਿੱਤਾ ਗਿਆ ਹੈ ਸਕਰੂਟਨੀ ਫਾਰਮ ਅਤੇ ਸਵੈ-ਘੋਸ਼ਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।

5. ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।

6. ਸਾਰੇ ਦਸਤਾਵੇਜਾਂ ਦੀਆਂ ਫੋਟੋਕਾਪੀਆਂ ਇੱਕ ਹੀ ਸਾਈਜ ਦੇ ਪੇਪਰਾਂ ਉਪਰ ਸਾਫ, ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਪੇਜ ਨੰਬਰ ਲਗਾ ਕੇ ਫਾਈਲ ਵਿੱਚ ਲਗਾਏ ਜਾਣ।

8/5/15

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਬੋਰਡ।